# ਸ਼ੇਖ ਫ਼ਰੀਦ - ਸਬਦ ੯੩

ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥

ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੨

ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥
ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥੯੦॥

ਸਾਰ: ਜੇਕਰ ਸਾਡੇ ਜੀਵਨ ਵਿਚ ਜਾਗਰੂਕਤਾ ਦਾ ਉਦਭਵ ਕਦੇ ਨਹੀਂ ਹੁੰਦਾ ਤਾਂ ਇਸ ਤੋਂ ਵਡੇਰੀ ਤ੍ਰਾਸਦੀ ਕੀ ਹੋਵੇਗੀ। ਜ਼ਿੰਦਗੀ ਅੱਗੇ ਵਧਦੀ ਜਾਂਦੀ ਹੈ: ਦਿਨ ਢਲਦੇ ਜਾਂਦੇ ਹਨ, ਅਤੇ ਸਾਡਾ ਸਰੀਰ ਬੁੱਢਾ ਹੋ ਜਾਂਦਾ ਹੈ ਕਿਉਂਕਿ ਸਮਾਂ ਚੁੱਪਚਾਪ ਉਸ ਵਸਤ ਨੂੰ ਆਪਣੀ ਬੁੱਕਲ ਵਿਚ ਲੈ ਲੈਂਦਾ ਹੈ ਜਿਸਨੂੰ ਅਸੀਂ ਪਿਆਰ ਕਰਦੇ ਹਾਂ। ਇਸ ਬ੍ਰਿਤਾਂਤ ਤੋਂ ਪਤਾ ਚਲਦਾ ਹੈ ਕਿ ਜੇਕਰ ਅਸੀਂ ਸੁਚੇਤ ਨਹੀਂ ਹਾਂ ਤਾਂ ਜਾਗ੍ਰਿਤੀ ਜੋ ਸਾਡੀ ਜੀਵਨ ਨੂੰ ਅਸਲ ਵਿਚ ਲਾਹੇਵੰਦ ਬਣਾ ਸਕਦੀ ਹੈ ਅਕਸਰ ਅਣਪਛਾਤੀ ਰਹਿ ਜਾਂਦੀ ਹੈ। ਕਲਪਨਾ ਕਰੋ ਕਿ ਅਜਿਹਾ ਯਾਤਰੀ ਜੋ ਸੜਕ ਉਪਰ ਚਲਦਾ ਹੀ ਜਾ ਰਿਹਾ ਹੈ, ਕਦੇ ਵੀ ਆਪਣੇ ਆਲੇ ਦੁਆਲੇ ਪ੍ਰਤੀ ਚਿੰਤਨ ਕਰਨ ਲਈ ਨਹੀਂ ਰੁਕਦਾ। ਸਮਾਂ ਨਾ ਸਿਰਫ਼ ਸਾਡੀਆਂ ਵਸਤਾਂ ਅਤੇ ਸਮਰਥਾ ਨੂੰ ਖੈ ਕਰਦਾ ਹੈ, ਸਗੋਂ ਜਾਗ੍ਰਿਤ ਹੋਣ ਅਤੇ ਅਸਲ ਵਿਚ ਜੀਉਣ ਦਾ ਮੌਕਾ ਵੀ ਗਵਾ ਦਿੰਦਾ ਹੈ। ਦੁੱਖ ਜੀਵਨ ਲੀਲ੍ਹਾ ਸਮਾਪਤ ਹੋਣ 'ਤੇ ਨਹੀਂ, ਸਗੋਂ ਜੀਵਨ ਨੂੰ ਬਿਨ੍ਹਾਂ ਸੂਝ ਪ੍ਰਾਪਤ ਕੀਤੇ ਅਜ਼ਾਈ ਗਵਾਉਣ ਨਾਲ ਹੁੰਦਾ ਹੈ, ਉਹ ਸੂਝ ਜੋ ਸਾਡੇ ਜੀਵਨ ਨੂੰ ਅਸਲ ਵਿਚ ਰੁਪਾਂਤ੍ਰਿਤ ਕਰ ਸਕਦੀ ਸੀ।

ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥
ਫਰੀਦ ਕਹਿੰਦੇ ਹਨ ਕਿ ਸਰੀਰ ਸੁੱਕ ਕੇ ਪਿੰਜਰ ਬਣ ਗਿਆ ਹੈ, ਅਤੇ ਕਾਂ ਹੱਥ ਦੀਆਂ ਤਲੀਆਂ 'ਤੇ ਠੂੰਗੇ ਮਾਰਦੇ ਹਨ। ਇਹ ਦ੍ਰਿਸ਼ਟਾਂਤ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਕਿਵੇਂ ਇਕੱਤਰ ਕਰਨ ਦੀ ਨਿਰੰਤਰ ਦੌੜ ਸਾਡੀ ਜੀਵਨ ਸ਼ਕਤੀ ਨੂੰ ਖਤਮ ਕਰ ਦਿੰਦੀ ਹੈ, ਜਦੋਂ ਕਿ ਇੰਦ੍ਰਆਵੀ ਭਟਕਣਾ ਸਾਡੇ ਅੰਤਹਕਰਣ ਨੂੰ ਖਾ ਜਾਂਦੀ ਹੈ।

ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥੯੦॥

ਫਿਰ ਵੀ, ਵਿਸ਼ਵਵਿਆਪੀ ਸਤਾ ਦੀ ਸੂਝ ਅਜੇ ਤੱਕ ਅੰਦਰ ਪ੍ਰਗਟ ਨਹੀਂ ਹੋਈ ਹੈ; ਮਨੁੱਖ ਦੀ ਇਸ ਅਵਸਥਾ ਨੂੰ ਨਿਹਾਰੋ। ਇਹ ਭਾਵ ਇਸ ਦੁਖਾਂਤ ਨੂੰ ਦਰਸਾਉਂਦਾ ਹੈ ਕਿ ਜਾਗਰੂਕਤਾ ਦੀ ਭਾਵਨਾ ਨੇ ਕਦੇ ਦਸਤਕ ਨਹੀਂ ਦਿੱਤਾ, ਜਦੋਂ ਕਿ ਸਮਾਂ ਹਰ ਵਸਤ ਨੂੰ ਮਿਟਾਉਂਦਾ ਜਾਂਦਾ ਹੈ। (੯੦)

ਤੱਤ: ਸ਼ੇਖ ਫ਼ਰੀਦ ਦੀ ਭਾਸ਼ਾ ਬਹੁਤ ਹੀ ਸਪਸ਼ਟ ਅਤੇ ਪ੍ਰਭਾਵਸ਼ਾਲੀ ਹੈ। ਉਹ ਇਕ ਦੇਹੀ ਦੇ ਪਿੰਜਰ ਬਣ ਚੁੱਕੇ ਦ੍ਰਿਸ਼ਟਾਂਤ ਦੀ ਵਰਤੋਂ ਕਰਦੇ ਹਨ, ਕਾਂ ਉਸ ਦੇਹੀ ਦੇ ਨਿਰਬਲ ਹੱਥਾਂ ਦੀਆਂ ਤਲੀਆਂ ਉਪਰ ਠੂੰਗੇ ਮਾਰਦਾ ਹੈ। ਇਹ ਦ੍ਰਿਸ਼ ਸਾਨੂੰ ਯਾਦ ਦਿਵਾਉਂਦਾ ਹੈ ਕਿ ਕਿਵੇਂ ਇਕੱਤਰ ਕਰਨ ਦੀ ਨਿਰੰਤਰ ਦੌੜ ਸਾਡੀ ਜੀਵਨ ਸ਼ਕਤੀ ਨੂੰ ਖਤਮ ਕਰ ਦਿੰਦੀ ਹੈ,ਅਤੇ ਸਾਰੀਆਂ ਪ੍ਰਾਪਤੀਆਂ ਦੇ ਬਾਵਜੂਦ ਵੀ ਮਨੁੱਖ ਅੰਦਰੋਂ ਖਾਲੀ ਰਹਿ ਜਾਂਦਾ ਹੈ। ਜੋ ਹੱਥ ਕਦੇ ਇਕੱਤਰ ਕਰਨ ਵਿਚ ਲੱਗੇ ਰਹਿੰਦੇ ਸਨ, ਹੁਣ ਨਿਰਬਲ ਹੋ ਕਿਸੇ ਦਾ ਅਹਾਰ ਬਣ ਰਹੇ ਹਨ। ਇਹ ਕਠੋਰ ਸੱਚਾਈ ਇਸ ਤੱਥ ਵੱਲ ਇਸ਼ਾਰਾ ਕਰਦੀ ਹੈ ਕਿ ਜੇ ਜੀਵਨ ਸਿਰਫ਼ ਭੌਤਿਕ ਪ੍ਰਾਪਤੀਆਂ 'ਤੇ ਕੇਂਦ੍ਰਿਤ ਰਹੇ, ਤਾਂ ਅੰਤ ਵਿਚ ਅੰਤਰੀਵੀ ਖਾਲੀਪਨ ਦਾ ਅਹਿਸਾਸ ਹੀ ਹਿੱਸੇ ਆਉਂਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**